# ਸ਼੍ਰੇਣੀ - ਅੱਠਵੀਂ (ਸਾਇੰਸ) ਸੈਸ਼ਨ 2016-17

| ਮਹੀਨਾ | ਪਾਠ ਦਾ ਨਾਂ | ਉਦੇਸ਼ | ਕਿਰਿਆਵਾਂ |
|---|---|---|---|
| ਅਪ੍ਰੈਲ | ਪਾਠ-1 ਫਸਲ ਉਤਪਾਦਨ ਅਤੇ ਪ੍ਰਬੰਧਨ | • ਵਿਦਿਆਰਥੀਆਂ ਨੂੰ ਖੇਤੀ ਵਿੱਚ ਵਰਤੇ ਜਾਂਦੇ ਔਜ਼ਾਰਾਂ ਬਾਰੇ ਜਾਣਕਾਰੀ ਦੇਣਾ।<br>• ਰੱਬੀ ਅਤੇ ਖਰੀਫ਼ ਫਸਲਾਂ ਬਾਰੇ ਜਾਣਕਾਰੀ ਦੇਣਾ। | • ਅਧਿਆਪਕ ਖੁਰਪੀ, ਦਾਤੀ, ਬੇਲਚਾ, ਕਸੀ ਆਦਿ ਜਮਾਤ ਵਿੱਚ ਲਿਆ ਕੇ ਬੱਚਿਆਂ ਤੋਂ ਇਹ ਜਾਣਨ ਦੀ ਕੋਸ਼ਿਸ਼ ਕਰੇ ਕਿ ਇਹ ਕਿੱਥੇ ਵਰਤੇ ਜਾਂਦੇ ਹਨ।<br>• ਮੌਸਮ ਦੇ ਅਨੁਸਾਰ ਫਸਲਾਂ ਦੇ ਨਮੂਨੇ ਲਿਆ ਕੇ ਬੱਚਿਆਂ ਨੂੰ ਖਰੀਫ਼ ਅਤੇ ਰੱਬੀ ਦੀਆਂ ਫਸਲਾਂ ਬਾਰੇ ਦੱਸੋ। |
| | ਪਾਠ-3 ਸੰਸ਼ਲਿਸ਼ਟ ਰੇਸ਼ੇ ਅਤ ਪਲਾਸਟਿਕ | • ਕੱਪੜੇ ਬਣਾਉਣ ਸਮੇਂ ਵਰਤੇ ਜਾਂਦੇ ਰੇਸ਼ਿਆਂ ਬਾਰੇ ਜਾਣਕਾਰੀ ਦੇਣਾ।<br>• ਵੇਖ ਕੇ ਵਿਗਿਆਨਕ ਸੋਚ ਪੈਦਾ ਕਰਨਾ। | • ਬੱਚਿਆਂ ਤੋਂ ਸੂਤੀ, ਉੱਨੀ, ਸਿਲਕ, ਰੇਆਨ, ਨਾਈਲਾਨ ਆਦਿ ਤੋਂ ਬਣੀਆਂ ਚੀਜ਼ਾਂ ਦੇ ਟੁਕੜੇ ਮੰਗਵਾਓ ਅਤੇ ਚਰਚਾ ਕਰੋ।<br>• ਬੱਚਿਆਂ ਨੂੰ ਪਲਾਸਟਿਕ ਦੀਆਂ ਚੀਜ਼ਾਂ ਦਿਖਾ ਕੇ ਉਸ ਦੀ ਬਣਤਰ ਸਮਝਾਏ ਅਤੇ ਉਹਨਾਂ ਨੂੰ ਇਸ ਦੇ ਫਾਇਦੇ ਅਤੇ ਨੁਕਸਾਨ ਸਮਝਾਏ। |
| ਮਈ | ਪਾਠ-2 ਸੂਖਮਜੀਵ ਮਿੱਤਰ ਅਤੇ ਦੁਸ਼ਮਣ | • ਬੱਚਿਆਂ ਨੂੰ ਸੂਖਮਜੀਵਾਂ ਦਾ ਸਾਡੀ ਜ਼ਿੰਦਗੀ ਵਿੱਚ ਮਹੱਤਵ ਬਾਰੇ ਸਮਝਾਉਣਾ।<br>• ਬੱਚਿਆਂ ਵਿੱਚ ਸੂਖਮਜੀਵਾਂ ਦੇ ਲਾਭ ਅਤੇ ਹਾਨੀਆਂ ਦੱਸ ਕੇ ਉਨ੍ਹਾਂ ਦੀ ਸੋਚਣ ਸ਼ਕਤੀ ਵਿੱਚ ਵਾਧਾ ਕਰਨਾ। | • ਅਧਿਆਪਕ ਦੁੱਧ ਤੋਂ ਦਹੀਂ ਬਣਨ ਦੀ ਕਿਰਿਆ ਬਾਰੇ ਸਮਝਾਏ ਅਤੇ ਦਹੀਂ ਦੀ ਇੱਕ ਬੂੰਦ ਨੂੰ ਸੂਖਮਦਰਸ਼ੀ ਹੇਠ ਦਿਖਾ ਕੇ ਸੂਖਮਜੀਵਾਂ ਦੀ ਹੋਂਦ ਬਾਰੇ ਦੱਸ ਸਕਦਾ ਹੈ।<br>• ਅਧਿਆਪਕ ਕਿਸੇ ਫ਼ਲੀਦਾਰ ਪੌਦੇ ਦੀਆਂ ਜੜ੍ਹਾਂ ਜਮਾਤ ਵਿੱਚ ਲਿਆ ਕੇ ਉਸ ਵਿਚਲੀਆਂ ਗੰਢਾਂ ਦਿਖਾਉਣ ਅਤੇ ਉਨ੍ਹਾਂ ਵਿਚਲੇ ਜੀਵਾਣੂ ਦਾ ਨਾਮ ਅਤੇ ਕੰਮ ਦੱਸੇ। |
| | ਪਾਠ-4 ਪਦਾਰਥ-ਧਾਤਾਂ ਅਤੇ ਅਧਾਤਾਂ | • ਬੱਚਿਆਂ ਨੂੰ ਧਾਤਾਂ ਅਤੇ ਅਧਾਤਾਂ ਦੀ ਪਹਿਚਾਣ ਕਰਵਾਉਣੀ। | • ਵੱਖ-ਵੱਖ ਪਦਾਰਥ ਆਲੇ-ਦੁਆਲੇ ਤੋਂ ਇਕੱਠੇ ਕਰਕੇ ਧਾਤਾਂ-ਅਧਾਤਾਂ ਬਾਰੇ ਜਾਣਕਾਰੀ ਦੇਣੀ। |

| | | | |
|---|---|---|---|
| | | • ਧਾਤਾਂ ਅਤੇ ਅਧਾਤਾਂ ਦੇ ਰਸਾਇਣਿਕ ਗੁਣਾਂ ਬਾਰੇ ਜਾਣਕਾਰੀ। | • ਲੋਹੇ ਨੂੰ ਜੰਗ ਲੱਗਣ ਲਈ ਜ਼ਰੂਰੀ ਸ਼ਰਤਾਂ ਨੂੰ ਦਰਸਾਉਂਦੀ ਕਿਰਿਆ ਕਰਵਾਉਣੀ। |
| ਜੂਨ | ਛੁੱਟੀਆਂ ਦੇ ਕੰਮ ਵਿੱਚ ਬੱਚਿਆਂ ਨੂੰ ਚਾਰਟ ਅਤੇ ਮਾਡਲ ਬਣਾਉਣ ਲਈ ਕਹਿਣਾ। | | |
| ਜੁਲਾਈ | ਪਾਠ-5<br>ਕੋਲਾ ਅਤੇ ਪੈਟਰੋਲੀਅਮ | • ਬੱਚਿਆਂ ਨੂੰ ਬਾਲਣ ਬਾਰੇ ਜਾਣਕਾਰੀ ਦੇਣਾ।<br>• ਬੱਚਿਆਂ ਨੂੰ ਪਥਰਾਟੀ ਬਾਲਣ ਜਿਵੇਂ ਕਿ ਪੈਟਰੋਲੀਅਮ ਦੀ ਸੁਧਾਈ ਬਾਰੇ ਦੱਸਣਾ। | • ਬੱਚਿਆਂ ਤੋਂ ਬਾਲਣ ਦੇ ਤੌਰ ਤੇ ਵਰਤੇ ਜਾਣ ਵਾਲੇ ਬਾਲਣਾਂ ਦੇ ਨਾਮ ਜਾਣਨ ਦੀ ਕੋਸ਼ਿਸ਼ ਕਰੋ।<br>• ਅਧਿਆਪਕ ਚਾਰਟ ਜਾਂ ਮਾਡਲ ਰਾਹੀਂ ਬੱਚਿਆਂ ਨੂੰ ਪੈਟਰੋਲ ਦੀ ਸੁਧਾਈ ਬਾਰੇ ਸਮਝਾਉਣਾ। |
| | ਪਾਠ-8<br>ਸੈੱਲ: ਬਣਤਰ ਅਤੇ ਕਾਰਜ | • ਬੱਚਿਆਂ ਨੂੰ ਸਜੀਵਾਂ ਦੀ ਬਣਤਰ ਵਿੱਚ ਸੈੱਲ ਦੀ ਮਹੱਤਤਾ ਬਾਰੇ ਦੱਸਣਾ।<br>• ਸੈੱਲ ਦੇ ਨਿਕੜੇ ਅੰਗਾਂ ਬਾਰੇ ਜਾਣਕਾਰੀ ਦੇਣੀ। | • ਅਧਿਆਪਕ ਪਿਆਜ਼ ਦੀ ਝਿੱਲੀ ਨੂੰ ਸੂਖਮਦਰਸ਼ੀ ਹੇਠ ਵਿਖਾ ਕੇ ਸੈੱਲ ਬਾਰੇ ਸਮਝਾਏ।<br>• ਚਾਰਟ ਜਾਂ ਮਾਡਲ ਰਾਹੀਂ ਅਧਿਆਪਕ ਬੱਚਿਆਂ ਨੂੰ ਸੈੱਲ ਦੇ ਨਿੱਕੜੇ ਅੰਗਾਂ ਬਾਰੇ ਜਾਣਕਾਰੀ ਦੇਵੇ। |
| | ਪਾਠ-11<br>ਬਲ ਅਤੇ ਦਾਬ | • ਵਿਦਿਆਰਥੀਆਂ ਨੂੰ ਬਲ ਦੀ ਮਹੱਤਤਾ ਬਾਰੇ ਜਾਣਕਾਰੀ ਦੇਣਾ।<br>• ਵਿਦਿਆਰਥੀਆਂ ਨੂੰ ਦਾਬ ਬਾਰੇ ਮੁੱਢਲੀ ਜਾਣਕਾਰੀ ਦਿੰਦੇ ਹੋਏ ਉਸਦੀ ਮਹੱਤਤਾ ਦੱਸਣੀ ਤਾਂ ਜੋ ਉਨ੍ਹਾਂ ਵਿੱਚ ਵਿਗਿਆਨਕ ਸੂਝ ਪੈਦਾ ਕੀਤੀ ਜਾ ਸਕੇ। | • ਅਧਿਆਪਕ ਬੱਚਿਆਂ ਦੀਆਂ ਟੋਲੀਆਂ ਬਣਾ ਕੇ ਇੱਕ ਰੱਸੇ ਨੂੰ ਖਿੱਚਣ ਲਈ ਕਹੇ ਅਤੇ ਫਿਰ ਨੋਟ ਕਰੇ ਕਿ ਕਿਸ ਪਾਸੇ ਵੱਧ ਬਲ ਲਗਾਇਆ ਗਿਆ ਹੈ।<br>• ਇੱਕ ਪਲਾਸਟਿਕ ਦੀ ਬੋਤਲ ਅਤੇ ਗੁਬਾਰੇ ਦੀ ਸਹਾਇਤਾ ਨਾਲ ਇੱਕ ਕਿਰਿਆ ਕਰਵਾਈ ਜਾਵੇ ਅਤੇ ਦਿਖਾਇਆ ਜਾਵੇ ਕਿ ਦ੍ਰਵ ਬਰਤਨ ਦੀਆਂ ਦੀਵਾਰਾਂ ਉੱਤੇ ਦਾਬ ਪਾਉਂਦਾ ਹੈ। |
| ਅਗਸਤ | ਪਾਠ-6<br>ਜਾਲਣ ਅਤੇ ਲਾਟ | • ਉਤਸੁਕਤਾ ਵਧਾਉਂਦੇ ਹੋਏ ਲਾਟ ਦੇ ਭਾਗਾਂ ਬਾਰੇ ਜਾਣੂ ਕਰਵਾਉਣਾ। | • ਮੋਮਬੱਤੀ ਦੀ ਲਾਟ ਦੇ ਵੱਖ-ਵੱਖ ਭਾਗਾਂ ਅਤੇ ਉਨ੍ਹਾਂ ਦੇ ਤਾਪਮਾਨ ਦਾ ਅਧਿਐਨ ਕਰਨਾ।<br>• ਜਲਣ ਲਈ ਜ਼ਰੂਰੀ ਸ਼ਰਤਾਂ ਨੂੰ ਦਰਸਾਉਂਦੀ |

| | | | |
|---|---|---|---|
| | | | ਕਿਰਿਆ ਕਰਨੀ। |
| | ਪਾਠ-7 ਪੌਦਿਆਂ ਅਤੇ ਜੰਤੂਆਂ ਦੀ ਸੁਰੱਖਿਆ | • ਜੰਗਲ, ਜੀਵ ਰੱਖਿਆ, ਜੰਗਲਾਂ ਨੂੰ ਕੱਟਣ ਦੇ ਨਤੀਜੇ (ਡੀਫਾਰੈਸਟੇਸ਼ਨ), ਜੀਵਮੰਡਲ ਰਿਜ਼ਰਵ, ਫਲੋਰਾ-ਫਾਊਨਾ ਬਾਰੇ ਜਾਣਕਾਰੀ ਦੇਣਾ। | • ਵਿਦਿਆਰਥੀਆਂ ਨੂੰ ਨੇੜੇ ਦੇ ਚਿੜੀਆ ਘਰ ਦੀ ਸੈਰ ਕਰਵਾਉਣਾ ਅਤੇ ਉੱਥੇ ਮੌਜੂਦ ਜੀਵਾਂ ਅਤੇ ਪੌਦਿਆਂ ਬਾਰੇ ਜਾਣਕਾਰੀ ਅਤੇ ਸੂਚਨਾ ਇਕੱਤਰ ਕਰਵਾਉਣਾ। |
| | ਪਾਠ-15 ਕੁੱਝ ਕੁਦਰਤੀ ਘਟਨਾਵਾਂ | • ਭੂਚਾਲ, ਅਕਾਸ਼ੀ ਬਿਜਲੀ, ਹੜ੍ਹ ਬਾਰੇ ਜਾਣਕਾਰੀ ਦੇਣਾ ਅਤੇ ਬਚਾਅ ਦੇ ਤਰੀਕਿਆਂ ਬਾਰੇ ਦੱਸਣਾ। | • ਹੜ੍ਹਾਂ ਅਤੇ ਭੂਚਾਲ ਬਾਰੇ ਆਪਣੀ ਕਲਾਸ ਵਿੱਚ ਅਧਿਆਪਕ ਦੁਆਰਾ ਵਿਚਾਰ ਚਰਚਾ ਕਰਵਾਈ ਜਾਵੇ ਅਤੇ ਇਨ੍ਹਾਂ ਦੇ ਨੁਕਸਾਨ ਅਤੇ ਬਚਾਅ ਕਾਰਜਾਂ ਬਾਰੇ ਵਿਚਾਰ ਇਕੱਤਰ ਕੀਤੇ ਜਾਣ। |
| ਸਤੰਬਰ | | ਐਫ.ਏ.-2 (ਮੁਲਾਂਕਣ) | • |

| | | | |
|---|---|---|---|
| ਅਕਤੂਬਰ | ਪਾਠ-12 ਰਗੜ | • ਰੋਜ਼ਾਨਾ ਜੀਵਨ ਵਿੱਚੋਂ ਉਦਾਹਰਨਾਂ ਲੈ ਕੇ ਰਗੜ ਬਲ ਦੇ ਲਾਭ ਅਤੇ ਹਾਨੀਆਂ ਬਾਰੇ ਜਗਿਆਸਾ ਪੈਦਾ ਕਰਨਾ। | • ਅਧਿਐਨ ਕਰਨਾ- ਕੀ ਰਗੜ ਬਲ ਦੋ ਸਪਰਸ਼ ਕਰ ਰਹੀਆਂ ਸਤਾਵਾਂ ਦੀ ਬਣਤਰ ਤੇ ਨਿਰਭਰ ਕਰਦਾ ਹੈ?<br>• ਕਿਰਿਆ ਰਾਹੀਂ ਦਰਸਾਉਣਾ ਕਿ ਰਗੜ ਰਾਹੀਂ ਤਾਪ ਪੈਦਾ ਹੁੰਦਾ ਹੈ।<br>• ਰਗੜ ਨੂੰ ਘੱਟ ਕਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਦੇਣਾ। |
| | ਪਾਠ-16 ਪ੍ਰਕਾਸ਼ | • ਪਰਾਵਰਤਨ ਦੇ ਨਿਯਮਾਂ ਦੀ ਜਾਣਕਾਰੀ ਦੇਣਾ, ਅੱਖ ਦੀ ਰਚਨਾ, ਦੋਸ਼ਾਂ ਬਾਰੇ ਜਾਣਕਾਰੀ ਦੇਣਾ, ਨੇਤਰਹੀਣ ਵਿਅਕਤੀ ਲਈ ਸਿਖਣ ਦੀ ਵਿਧੀ ਬਰੇਲ ਤੋਂ ਵਿਦਿਆਰਥੀਆਂ ਨੂੰ ਜਾਣੂ | • ਆਪਣੇ ਇਲਾਕੇ ਦੇ ਕਿਸੇ ਨੇਤਰਹੀਣ ਵਿਦਿਆਲੇ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਬਰੇਲ ਵਿਧੀ ਬਾਰੇ ਜਾਣਕਾਰੀ ਇਕੱਤਰ ਕਰਵਾਉਣਾ।<br>• ਅੱਖ ਦੇ ਮਾਡਲ ਅਤੇ ਚਿੱਤਰ ਬਣਵਾਉਣਾ।<br>• ਸਮਤਲ ਦਰਪਣ ਅਤੇ ਪਿੰਨਾਂ ਦੀ |

| | | | |
|---|---|---|---|
| | | ਕਰਵਾਉਣਾ। | ਸਹਾਇਤਾ ਨਾਲ ਪਰਾਵਰਤਨ ਦੇ ਨਿਯਮਾਂ ਬਾਰੇ ਰੇਖਾ ਚਿੱਤਰ ਬਣਵਾਉਣਾ। |
| ਨਵੰਬਰ | ਪਾਠ-13<br>ਧੁਨੀ | • ਕੰਪਨ ਨੂੰ ਸਮਝਾਉਣ ਲਈ ਬੱਚਿਆਂ ਦੀ ਰੋਚਕਤਾ ਵਧਾਉਣਾ | • ਸਿੱਧ ਕਰਨਾ ਕਿ ਧੁਨੀ ਸੰਚਾਰ ਲਈ ਮਾਧਿਅਮ ਦੀ ਲੋੜ ਹੁੰਦੀ ਹੈ।<br>• ਕੰਪਨ ਕਰ ਰਹੀਆਂ ਵਸਤੂਆਂ ਆਵਾਜ਼ ਪੈਦਾ ਕਰਦੀਆਂ ਹਨ, ਨਾਲ ਸਬੰਧਤ ਕਿਰਿਆ ਕਰਵਾਉਣੀ। |
| | ਪਾਠ-18<br>ਹਵਾ ਅਤੇ ਪਾਣੀ ਦਾ ਪ੍ਰਦੂਸ਼ਣ | • ਹਵਾ ਪ੍ਰਦੂਸ਼ਣ ਬਾਰੇ ਕਾਰਨ, ਬਚਾਅ ਬਾਰੇ ਜਾਣੂ ਕਰਵਾਉਣਾ।<br>• ਪਾਣੀ ਪ੍ਰਦੂਸ਼ਣ ਬਾਰੇ ਜਾਣਕਾਰੀ ਦੇਣ ਲਈ ਅਤੇ ਸ਼ੁੱਧ ਕਰਨ ਬਾਰੇ ਸੋਚ ਦਾ ਵਿਕਾਸ ਕਰਨਾ। | • ਸੜਕ ਤੇ ਵਧਦੀ ਵਾਹਨਾਂ ਦੀ ਸੰਖਿਆ ਨਾਲ ਹਵਾ ਪ੍ਰਦੂਸ਼ਣ ਬਾਰੇ ਜਾਣਕਾਰੀ ਦੇਣੀ।<br>• ਗੰਗਾ ਸੁੱਧੀਕਰਨ ਪ੍ਰੋਜੈਕਟ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣੀ। |
| | **ਅਕਤੂਬਰ- ਨਵੰਬਰ ਦੀ ਦੁਹਰਾਈ**<br>**F. A. 3- Evaluation** | | |
| ਦਸੰਬਰ | ਪਾਠ-9<br>ਜੰਤੂਆਂ ਵਿੱਚ ਪ੍ਰਜਣਨ | • ਪ੍ਰੇਖਣ ਦੀ ਕੋਮਲਤਾ ਦਾ ਵਿਕਾਸ ਕਰਨਾ | • ਚਾਰਟ ਅਤੇ ਮਾਡਲ ਦੀ ਸਹਾਇਤਾ ਨਾਲ ਅਲਿੰਗੀ ਜਣਨ ਦੀਆਂ ਵੱਖ-ਵੱਖ ਵਿਧੀਆ ਬਾਰੇ ਸਮਝਾਉਣਾ। |
| | ਪਾਠ-10<br>ਕਿਸ਼ੋਰ ਅਵੱਸਥਾ ਵੱਲ | • ਕਿਸ਼ੋਰਾਂ ਵਿੱਚ ਵਰਤਾਓ ਸਬੰਧੀ ਸਾਕਾਰਾਤਮਕ ਸੋਚ ਪੈਦਾ ਕਰਨੀ। | • ਕਿਸ਼ੋਰ ਅਵਸਥਾ ਦੌਰਾਨ ਬੱਚਿਆਂ ਦੀਆਂ ਭੋਜਨ ਸਬੰਧੀ ਜ਼ਰੂਰਤਾ ਬਾਰੇ ਜਾਣਕਾਰੀ ਦੇਣਾ। |
| ਜਨਵਰੀ | ਪਾਠ-14<br>ਬਿਜਲੀ ਧਾਰਾ ਦੇ ਰਸਾਇਣਿਕ ਪ੍ਰਭਾਵ | • ਵਿਗਿਆਨਿਕ ਸੋਚ ਨੂੰ ਰੋਜ਼ਾਨਾ ਜੀਵਨ ਵਿੱਚ ਅਪਣਾਉਣ ਬਾਰੇ ਰੁਚੀ ਪੈਦਾ ਕਰਨਾ। | • ਵੱਖ-ਵੱਖ ਤਰ੍ਹਾਂ ਦੇ ਪਦਾਰਥਾਂ ਦੀ ਬਿਜਲੀ ਚਾਲਕਤਾ ਦਾ ਪਤਾ ਕਰਨਾ।<br>• ਅਜਿਹੇ ਤਰਲ ਪਦਾਰਥਾਂ ਦੀ ਪਹਿਚਾਣ ਕਰਨੀ ਜੋ ਬਿਜਲੀ ਦੇ ਸੁਚਾਲਕ ਅਤੇ |

| | | | |
|---|---|---|---|
| | | | ਕੁਚਾਲਕ ਹੁੰਦੇ ਹਨ।<br>• ਬਿਜਲੀ ਮੁਲੰਮਾਕਰਨ ਦੀ ਕਿਰਿਆ ਕਰਵਾਉਣਾ। |
| | ਪਾਠ–17<br>ਤਾਰੇ ਅਤੇ ਸੂਰਜੀ ਪਰਿਵਾਰ | • ਵਹਿਮਾ–ਭਰਮਾ ਤੋਂ ਉੱਪਰ ਉੱਠ ਕੇ ਵਿਗਿਆਨਿਕ ਢੰਗਾਂ ਨਾਲ ਸੋਚਣ ਦੀ ਸਮਰੱਥਾ ਪ੍ਰਦਾਨ ਕਰਨੀ। | • ਵੱਖ–ਵੱਖ ਤਰ੍ਹਾਂ ਦੇ ਤਾਰਾ ਝੁੰਡਾਂ ਜਾਂ ਤਾਰਾ ਮੰਡਲਾਂ ਨੂੰ ਦੇਖਣਾ।<br>• ਵਿਦਿਆਰਥੀਆਂ ਦੀ ਸਹਾਇਤਾ ਨਾਲ ਸੂਰਜ ਦੁਆਲੇ ਗ੍ਰਹਿਆਂ ਦੇ ਪੱਥ ਨੂੰ ਦਰਸਾਉਣਾ।<br>• ਭਾਰਤ ਦੁਆਰਾ ਛੱਡੇ ਗਏ ਉਪਗ੍ਰਹਿਆਂ ਦੀ ਸੂਚੀ ਤਿਆਰ ਕਰਨਾ। |
| | **ਦਸੰਬਰ ਅਤੇ ਜਨਵਰੀ ਦੀ ਦੁਹਰਾਈ**<br>**Evaluation- FA$_4$** | | |